# India-EU: Joint Press Release on Launching the Trade and Technology Council

April 25, 2022

................................

## ਸੰਯੁਕਤ ਰਾਸ਼ਟਰ ਨਾਲ ਜੁੜੇ ਮੁੱਦਿਆਂ ਬਾਰੇ ਭਾਰਤ-ਸੰਯੁਕਤ ਅਰਬ ਅਮੀਰਾਤ ਦਰਮਿਆਨ ਸਲਾਹ-ਮਸ਼ਵਰੇ

**26 ਅਪ੍ਰੈਲ, 2022**

ਡਾਇਰੈਕਟਰ ਜਨਰਲ (ਡੀਜੀ) ਪੱਧਰ 'ਤੇ ਭਾਰਤ-ਸੰਯੁਕਤ ਅਰਬ ਅਮੀਰਾਤ ਸਲਾਹ-ਮਸ਼ਵਰੇ ਦਾ ਪਹਿਲਾ ਦੌਰ 26 ਅਪ੍ਰੈਲ ਨੂੰ ਅਬੂ ਧਾਬੀ ਵਿੱਚ ਹੋਇਆ। ਭਾਰਤੀ ਵਫ਼ਦ ਦੀ ਅਗਵਾਈ ਸਾਂਝਾ ਸਕੱਤਰ (ਯੂ.ਐਨ.-ਰਾਜਨੀਤਕ) ਸ਼੍ਰੀ ਪ੍ਰਕਾਸ਼ ਗੁਪਤਾ ਅਤੇ ਅਬੂ ਧਾਬੀ ਵਿਖੇ ਭਾਰਤੀ ਦੂਤਾਵਾਸ ਦੇ ਅਧਿਕਾਰੀਆਂ ਨੇ ਕੀਤੀ, ਜਦੋਂ ਕਿ ਸੰਯੁਕਤ ਅਰਬ ਅਮੀਰਾਤ ਦੇ ਵਫਦ ਦੀ ਅਗਵਾਈ ਸੰਯੁਕਤ ਅਰਬ ਅਮੀਰਾਤ ਦੇ ਵਿਦੇਸ਼ ਅਤੇ ਆਲਮੀ ਸਹਿਯੋਗ ਮੰਤਰਾਲੇ ਦੇ ਸੰਯੁਕਤ ਰਾਸ਼ਟਰ ਵਿਭਾਗ ਦੀ ਡਾਇਰੈਕਟਰ ਸ਼੍ਰੀਮਤੀ ਅਹੂਦ ਅਲ ਜ਼ਾਬੀ ਨੇ ਕੀਤੀ।

2. ਦੋਹਾਂ ਧਿਰਾਂ ਨੇ ਆਪਣੇ ਮੌਜੂਦਾ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਕਾਰਜਕਾਲ ਦੌਰਾਨ ਤਰਜੀਹ ਦੇ ਖੇਤਰਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਆਪਣੀ ਵਿਸਥਾਰਤ ਰਣਨੀਤਕ ਭਾਈਵਾਲੀ ਦੇ ਮੱਦੇਨਜ਼ਰ ਉਨ੍ਹਾਂ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਏਜੰਡੇ ਦੇ ਪ੍ਰਮੁੱਖ ਮੁੱਦਿਆਂ, ਖਾਸ ਤੌਰ 'ਤੇ ਸੋਧੇ ਹੋਏ ਬਹੁ-ਪੱਖਵਾਦ ਅਤੇ ਅੱਤਵਾਦ ਵਿਰੋਧ ਪ੍ਰਤੀ ਆਪਣੀ ਸਾਂਝੀ ਵਚਨਬੱਧਤਾ ਉੱਤੇ ਮਿਲ ਕੇ ਕੰਮ ਕਰਨ ਲਈ ਸਹਿਮਤ ਦਿੱਤੀ।

3. ਭਾਰਤ ਨੇ ਵੀ ਸੰਯੁਕਤ ਅਰਬ ਅਮੀਰਾਤ ਨੂੰ ਮਾਰਚ 2022 ਦੌਰਾਨ UNSC ਦੀ ਸਫਲ ਪ੍ਰਧਾਨਗੀ ਲਈ ਵਧਾਈ ਦਿੱਤੀ। ਦੋਵਾਂ ਧਿਰਾਂ ਨੇ ਬਹੁਪੱਖੀ ਮੁੱਦਿਆਂ 'ਤੇ ਆਪਸੀ ਇੱਕਸੁਰਤਾ ਅਤੇ ਸਹਿਯੋਗ ਦਾ ਸੁਆਗਤ ਕੀਤਾ।

ਅਬੂ ਧਾਬੀ

26 ਅਪ੍ਰੈਲ, 2022

DISCLAIMER: This is an approximate translation. The original is available in English on MEA’s website and may be referred to as the official press release.